# Phone call between Prime Minister ShriNarendraModi and H.E. Dr. ThonglounSisoulith, Prime Minister of Lao People's Democratic Republic

June 12, 2020

# ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਲਾਓ ਲੋਕ ਲੋਕਤੰਤਰੀ ਗਣਰਾਜ ਦੇ ਪ੍ਰਧਾਨ ਮੰਤਰੀ ਮਹਾਮਹਿਮ ਡਾ. ਥੌਂਗਲੌਨ ਸਿਸੋਲਿਥ ਦਰਮਿਆਨ ਹੋਈ ਫੋਨ 'ਤੇ ਗੱਲਬਾਤ

12 ਜੂਨ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਲਾਓ ਲੋਕ ਲੋਕਤੰਤਰੀ ਗਣਰਾਜ ਦੇ ਪ੍ਰਧਾਨ ਮੰਤਰੀ ਮਹਾਮਹਿਮ ਡਾ. ਥੌਂਗਲੌਨ ਸਿਸੋਲਿਥ ਨਾਲ ਫੋਨ 'ਤੇ ਗੱਲਬਾਤ ਕੀਤੀ।

ਦੋਨਾਂ ਨੇਤਾਵਾਂ ਨੇ ਕੌਮਾਂਤਰੀ COVID-19 ਮਹਾਂਮਾਰੀ ਕਾਰਨ ਪੈਦਾ ਹੋਈਆਂ ਸਿਹਤ ਸੰਬੰਧੀ ਅਤੇ ਆਰਥਿਕ ਚੁਣੌਤੀਆਂ ਬਾਰੇ ਵਿਚਾਰ ਵਟਾਂਦਰੇ ਕੀਤੇ। ਪ੍ਰਧਾਨ ਮੰਤਰੀ ਨੇ ਲਾਓਸ ਵਿੱਚ ਇਸ ਮਹਾਂਮਾਰੀ ਦੀ ਰੋਕਥਾਮ ਕਰਨ ਲਈ ਲਾਓ ਲੋਕ ਲੋਕਤੰਤਰੀ ਗਣਰਾਜ ਦੀ ਸਰਕਾਰ ਦੁਆਰਾ ਚੁੱਕੇ ਗਏ ਕਾਰਗਰ ਕਦਮਾਂ ਦੀ ਸ਼ਲਾਘਾ ਕੀਤੀ।

ਦੋਨੋਂ ਆਗੂ COVID ਤੋਂ ਬਾਅਦ ਦੀ ਦੁਨੀਆਂ ਲਈ ਤਿਆਰ ਹੋਣ ਵਾਸਤੇ ਕੌਮਾਂਤਰੀ ਸਹਿਯੋਗ ਅਤੇ ਸਰਬੋਤਮ ਪ੍ਰਥਾਵਾਂ ਅਤੇ ਤਜ਼ਰਬੇ ਸਾਂਝਾ ਕਰਨ ਉੱਤੇ ਸਹਿਮਤ ਸਨ।

ਪ੍ਰਧਾਨ ਮੰਤਰੀ ਨੇ ਲਾਓਸ ਨਾਲ ਭਾਰਤ ਦੇ ਇਤਿਹਾਸਕ ਅਤੇ ਸਭਿਆਚਾਰਕ ਸਬੰਧਾਂ ਉੱਤੇ ਚਾਨਣਾ ਪਾਇਆ ਅਤੇ ਵੈਟ ਫੂ ਵਿਖੇ ਵਿਸ਼ਵ ਵਿਰਾਸਤ ਸਥਲ ਨੂੰ ਠੀਕ ਕਰਨ ਵਿਚ ਸ਼ਾਮਲ ਹੋਣ 'ਤੇ ਤੱਸਲੀ ਪ੍ਰਗਟਾਈ। ਲਾਓ ਦੇ ਪ੍ਰਧਾਨ ਮੰਤਰੀ ਨੇ ਲਾਓ ਦੇ ਵਿਕਾਸ ਪ੍ਰੋਗਰਾਮਾਂ, ਸਮਰੱਥਾ ਵਧਾਉਣ ਅਤੇ ਵਜ਼ੀਫ਼ਿਆਂ ਦੇ ਮਾਮਲੇ 'ਚ ਭਾਰਤ ਵੱਲੋਂ ਦਿੱਤੀ ਗਈ ਮਦਦ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ।

ਪ੍ਰਧਾਨ ਮੰਤਰੀ ਨੇ ਲਾਓ ਲੋਕ ਲੋਕਤੰਤਰੀ ਗਣਰਾਜ, ਜੋ ਭਾਰਤ ਦੇ ਵਿਸਥਾਰਤ ਗੁਆਂਢ ਵਿੱਚ ਮਹੱਤਵਪੂਰਨ ਭਾਈਵਾਲ ਹੈ, ਨਾਲ ਵਿਕਾਸ ਭਾਈਵਾਲੀ ਜਾਰੀ ਰੱਖਣ ਪ੍ਰਤੀ ਭਾਰਤ ਦੀ ਵਚਨਬੱਧਤਾ ਦੁਹਰਾਈ।

ਨਵੀਂ ਦਿੱਲੀ
12 ਜੂਨ, 2020

DISCLAIMER: This is an approximate translation. The original is available in English on MEA's website and may be referred to as the official press release.